ਬੈਂਸ ਭਰਾਵਾਂ ਦੇ ਸੁਰੱਖਿਆ ਕਰਮਚਾਰੀਆਂ ਦੀ ਗੱਡੀ ਹੋਈ ਹਾਦਸਾਗ੍ਰਸਤ

ਸਿਵਲ ਹਸਪਤਲ ਖੰਨਾ ਵਿਖੇ ਜ਼ਖ਼ਮੀ ਸੁਰੱਖਿਆ ਕਰਮਚਾਰੀਆਂ ਦਾ ਹਾਲਚਾਲ ਪੁਛਦੇ ਹੋਏ ਬੈਂਸ ਭਰਾ। (ਗੋਲਡੀ ਚੌਹਾਨ)

ਖੰਨਾ, 6 ਨਵੰਬਰ (ਅਵਤਾਰ ਸਿੰਘ ਜੰਟੀ ਮਾਨ, ਅਸ਼ੀਸ਼ ਸੱਚਦੇਵਾ) : ਖੰਨਾ ਵਿਖੇ ਲੁਧਿਆਣਾ ਤੋਂ ਆ ਰਹੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਸੁਰੱਖਿਆ ਕਰਮਚਾਰੀਆਂ ਦੀ ਗੱਡੀ ਬਾਅਦ ਦੁਪਿਹਰ ਖੰਨਾ 'ਚ ਸ਼ਨੀ ਮੰਦਰ ਕੋਲ ਹਾਦਸਾਗ੍ਰਸਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਜਿਪਸੀ ਚਲਾ ਰਹੇ ਡਰਾਈਵਰ ਜਗਤਾਰ ਸਿੰਘ ਨੂੰ ਅਚਾਨਕ ਦੌਰਾ ਪੈਣ ਕਾਰਨ ਉਹ ਅਪਣੀ ਗੱਡੀ ਤੋਂ ਸੰਤੁਲਨ ਗੁਆ ਬੈਠਾ ਜਿਸ ਕਾਰਨ ਇਹ ਹਾਦਸਾ ਵਾਪਰਿਆ। ਹਾਦਸੇ 'ਚ ਬੈਂਸ ਦੇ ਤਿੰਨ ਸੁਰੱਖਿਆ ਕਰਮਚਾਰੀਆਂ ਸਮੇਤ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀ ਸੁਰੱਖਿਆ ਕਰਮਚਾਰੀਆਂ ਦੀ ਪਹਿਚਾਣ ਰਘੁਵੀਰ ਸਿੰਘ, ਕੁਲਵੰਤ ਸਿੰਘ ਤੇ ਸੁਨੀਲ ਕੁਮਾਰ ਦੇ ਤੌਰ 'ਤੇ ਹੋਈ ਹੈ। ਚੌਥਾ ਜ਼ਖ਼ਮੀ ਵਿਅਕਤੀ ਜਗਤਾਰ ਸਿੰਘ ਵਾਸੀ ਲੁਧਿਆਣਾ ਵੀ ਇਨ੍ਹਾਂ ਨਾਲ ਹੀ ਗੱਡੀ 'ਚ ਸਵਾਰ ਸੀ। ਚਾਰਾਂ ਨੂੰ ਸਿਵਲ ਹਸਪਤਾਲ ਖੰਨਾ ਵਿਖੇ ਭਰਤੀ ਕਰਵਾਇਆ ਗਿਆ। ਹਾਦਸੇ ਦੀ ਸੂਚਨਾ ਮਿਲਦੇ ਹੀ ਪਾਇਲਟ ਗੱਡੀ ਦੇ ਅੱਗੇ ਜਾ ਰਹੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਭਰਾ ਵਿਧਾਇਕ ਬਲਵਿੰਦਰ ਸਿੰਘ ਬੈਂਸ ਤੁਰਤ ਵਾਪਸ ਆਏ ਤੇ ਸਿਵਲ ਹਸਪਤਾਲ ਖੰਨਾ ਪਹੁੰਚ ਕੇ ਜ਼ਖ਼ਮੀਆਂ ਦੀ ਤੁਰਤ ਸਾਰ ਲਈ ਗਈ। ਇਨ੍ਹਾਂ ਨੂੰ ਮੁਢਲੀ ਸਹਾਇਤਾ ਦਿਵਾਉਣ ਅਤੇ ਲੁਧਿਆਣਾ ਰੈਫ਼ਰ ਕਰਵਾਉਣ ਤੋਂ ਬਾਅਦ ਬੈਂਸ ਭਰਾ ਚੰਡੀਗੜ੍ਹ ਲਈ ਦੁਬਾਰਾ ਰਵਾਨਾ ਹੋਏ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਸਿਮਰਜੀਤ ਬੈਂਸ ਨੇ ਦਸਿਆ ਕਿ ਉਹ ਚੰਡੀਗੜ੍ਹ 'ਚ ਰੱਖੀ ਗਈ ਮੀਟਿੰਗ 'ਚ ਹਿੱਸਾ ਲੈਣ ਜਾ ਰਹੇ ਸਨ ਕਿ ਖੰਨਾ ਕੋਲ ਪਿੱਛੇ ਆ ਰਹੀ ਉਨ੍ਹਾਂ ਦੇ ਸੁਰੱਖਿਆ ਕਰਮਚਾਰੀਆਂ ਦੀ ਗੱਡੀ ਨੂੰ ਕਿਸੇ ਨਿਜੀ ਕੰਪਨੀ ਦੀ ਬੱਸ ਨੇ ਟੱਕਰ ਮਾਰ ਦਿਤੀ। ਬਚਾਅ ਰਿਹਾ ਕਿ ਹਾਦਸੇ 'ਚ ਕਿਸੇ ਨੂੰ ਜ਼ਿਆਦਾ ਸੱਟਾਂ ਨਹੀਂ ਲੱਗੀਆਂ। ਉਧਰ ਬੈਂਸ ਭਰਾਵਾਂ ਦੇ ਸੁਰੱਖਿਆ ਕਰਮਚਾਰੀਆਂ ਦੇ ਹਾਦਸੇ 'ਚ ਜ਼ਖ਼ਮੀ ਹੋਣ ਦੀ ਸੂਚਨਾ ਮਿਲਦੇ ਹੀ ਡੀਐਸਪੀ ਜਗਵਿੰਦਰ ਸਿੰਘ ਚੀਮਾ ਤੁਰਤ ਹਸਪਤਾਲ ਪਹੁੰਚ ਗਏ ਸਨ।

ਮੂਰਥਲ ਸਮੂਹਕ ਬਲਾਤਕਾਰ ਮਾਮਲਾ

ਹਾਈ ਕੋਰਟ ਵਲੋਂ ਸੋਨੀਪਤ ਪੁਲਿਸ ਦੀ ਕਾਲ-ਡੀਟੇਲ ਤੇ ਸਮੁੱਚਾ ਰੀਕਾਰਡ ਤਲਬ

ਚੰਡੀਗੜ੍ਹ, 6 ਨਵੰਬਰ (ਨੀਲ ਭਲਿੰਦਰ ਸਿੰਘ): ਹਰਿਆਣਾ ਵਿਚ ਜਾਤੀ ਆਧਾਰਤ ਰਾਖਵਾਂਕਰਨ ਸਬੰਧੀ ਅੰਦੋਲਨ ਦੌਰਾਨ ਅੰਬਾਲਾ-ਦਿੱਲੀ ਕੌਮੀ ਸ਼ਾਹਰਾਹ ਉਤੇ ਸਥਿਤ ਮੂਰਥਲ ਇਲਾਕੇ ਵਿਚ ਰਾਹਗੀਰ ਔਰਤਾਂ ਨਾਲ ਸਮੂਹਕ ਜਬਰ-ਜਿਨਾਹ ਹੋਇਆ ਹੋਣ ਦੇ ਮਾਮਲੇ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ ਜਿਸ ਤਹਿਤ ਅੱਜ ਇਸ ਮਾਮਲੇ ਵਿਚ ਹਰਿਆਣਾ ਸਰਕਾਰ ਨੂੰ ਆਦੇਸ਼ ਦਿਤਾ ਕਿ ਉਹ ਸੋਨੀਪਤ ਦੇ ਸਾਰੇ ਪੁਲਿਸ ਅਧਿਕਾਰੀਆਂ ਦੇ ਮੋਬਾਇਲ ਦੀ ਕਾਲ ਡਿਟੇਲ ਮਾਮਲੇ ਦੀ ਅਗਲੀ ਸੁਣਵਾਈ 'ਤੇ ਅਦਾਲਤ ਵਿਚ ਪੇਸ਼ ਕਰੇ। ਇਸ ਨਾਲ ਬੈਂਚ ਨੇ ਕੇਸ ਨਾਲ ਜੁੜਿਆ ਸਮੁੱਚਾ ਰੀਕਾਰਡ, ਕੇਸ ਡਾਇਰੀ ਅਤੇ ਗਵਾਹਾਂ ਦੇ ਬਿਆਨ ਵੀ ਅਗਲੀ ਸੁਣਵਾਈ 'ਤੇ ਪੇਸ਼ ਕਰਨ ਦਾ ਆਦੇਸ਼ ਦਿਤਾ ਹੈ।

ਅੱਜ ਦੀ ਬਹਿਸ ਦੌਰਾਨ ਕੋਰਟ ਮਿੱਤਰ (ਐਮੀਕਸ ਕਿਊਰੀ) ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਸਰਕਾਰ 'ਤੇ ਇਸ ਮਾਮਲੇ ਤਹਿਤ ਸਹੀ ਜਾਂਚ ਨਹੀਂ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪੁਲਿਸ ਵੀ ਇਸ ਮਾਮਲੇ ਦੀ ਠੀਕ ਜਾਂਚ ਨਹੀਂ ਕਰ ਰਹੀ ਹੈ। ਮੁਰਥਲ ਸਮੂਹਕ ਬਲਾਤਕਾਰ ਮਾਮਲੇ ਦੀ ਜਾਂਚ 'ਤੇ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਪੂਰੀ ਤਰ੍ਹਾਂ ਅਸੰਤੁਸ਼ਟੀ ਜ਼ਾਹਰ ਕੀਤੀ।

ਦੇਹਧਾਰੀ ਕਦੇ ਗੁਰੂ ਨਹੀਂ ਹੋ ਸਕਦਾ: ਢਡਰੀਆਂ ਵਾਲੇ

ਗੁਰਦਆਰਾ ਪਰਮੇਸ਼ਰ ਦੁਆਰ ਸਾਹਿਬ ਸੇਖੂਪੁਰ ਵਿਖੇ ਕਥਾ ਕਰਦੇ ਹੋਏ ਭਾਈ ਰਣਜੀਤ ਸਿੰਘ ਖ਼ਾਲਸਾ ਢੱਡਰੀਆਂ ਵਾਲੇ।

ਸੰਗਰੂਰ, 6 ਨਵੰਬਰ (ਗੁਰਦਰਸ਼ਨ ਸਿੰਘ ਸਿੱਧੂ): ਬਾਬਾ ਨਾਨਕ ਦੇ ਨਾਂ 'ਤੇ ਬਣੇ ਮਾਰਗਾਂ ਉਤੇ ਭੀੜ ਤਾਂ ਬਹੁਤ ਹੈ ਪਰ ਜਿਹੜੇ ਰਾਹਾਂ 'ਤੇ ਚੱਲਣ ਲਈ ਕਿਹਾ ਸੀ ਅਸੀਂ ਉਨ੍ਹਾਂ ਦੇ ਦੱਸੇ ਰਾਹਾਂ ਤੋਂ ਭਟਕ ਚੁੱਕੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਈ ਰਣਜੀਤ ਸਿੰਘ ਖ਼ਾਲਸਾ ਢਡਰੀਆਂ ਵਾਲਿਆਂ ਨੇ ਮਹੀਨਾਵਾਰੀ ਸਮਾਗਮ ਵਿਖੇ ਪੁੱਜੀ ਸੰਗਤ ਨਾਲ ਸਾਝੇ ਕੀਤਾ।

ਉਨ੍ਹਾਂ ਕਿਹਾ ਕਿ ਸ਼ਬਦ ਗੁਰੂ ਸੀ, ਹੈ ਅਤੇ ਰਹੇਗਾ। ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਵਲੋਂ ਇਨਸਾਨੀ ਜਾਮੇ ਵਿਚ ਭੇਜੇ ਰੱਬੀ ਇਨਸਾਨ ਸਨ, ਉਨ੍ਹਾਂ ਹਮੇਸ਼ਾ ਸ਼ਬਦ ਗੁਰੂ ਦਾ ਪ੍ਰਚਾਰ ਕੀਤਾ ਹੈ, ਕਦੇ ਵੀ ਖ਼ੁਦ ਨੂੰ ਗੁਰੂ ਸੰਬੋਧਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਗੁਰੂਆਂ ਵਲੋਂ ਸ਼ਬਦ ਗੁਰੂ ਦੀ ਹੀ ਗੱਲ ਕੀਤੀ ਗਈ ਸੀ। ਇਸੇ ਲਈ ਦਰਬਾਰ ਸਾਹਿਬ ਵਿਖੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ। ਸ਼ਬਦ ਗੁਰੂ ਨਾਲ ਸਾਨੂੰ ਅਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ। ਇਸ ਲਈ ਦੇਹਧਾਰੀ ਕਦੇ ਗੁਰੂ ਨਹੀਂ ਹੋ ਸਕਦਾ। (ਸ਼ਬਦ ਗੁਰੂ ਸੀ, ਸ਼ਬਦ ਗੁਰੂ ਹੈ, ਸ਼ਬਦ ਗੁਰੂ ਰਹੇਗਾ) ਤਾਂ ਹੀ ਸਾਡੇ ਵਿਚ ਜਾਤ ਪਾਤ ਦਾ ਭੇਦ ਖ਼ਤਮ ਹੋ ਸਕਦਾ ਹੈ। ਬਾਬੇ ਨਾਨਕ ਨੇ ਹਮੇਸ਼ਾ ਮਨੁੱਖ ਨੂੰ ਰੱਬ ਦਾ ਬੰਦਾ ਸਮਝਣ ਲਈ ਕਿਹਾ ਸੀ ਨਾ ਕਿ ਜਾਤ ਪਾਤ ਨਾਲ ਬਾਬੇ ਨਾਨਕ ਦੇ ਰਾਹ 'ਤੇ ਚਲਣਾ ਔਖਾ ਹੋ ਸਕਦਾ ਹੈ ਪਰ ਅਪਣੇ ਜੀਵਨ ਵਿਚ ਅਪਣਾਉਣਾ ਔਖਾ ਨਹੀਂ, ਸਾਨੂੰ ਅਪਣੇ ਆਪ ਨੂੰ ਭਰਮਾਂ ਵਿਚੋਂ ਕੱਢਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਅਪਣਾ ਗੁਰੂ ਕੇਵਲ ਸ਼ਬਦ ਨੂੰ ਹੀ ਮੰਨਦੇ ਹਨ। ਸ਼ਬਦ ਕਦੇ ਜੰਮਦਾ ਜਾਂ ਮਰਦਾ ਨਹੀਂ, ਸਗੋਂ ਸਦਾ ਰਹਿਣ ਵਾਲਾ ਹੈ। ਇਸ ਨੂੰ ਸਿਖਣ ਵਾਲੀ ਕੋਈ ਇਕ ਥਾਂ ਨਹੀਂ ਹੁੰਦੀ, ਸਗੋਂ ਕਿਸੇ ਵੀ ਥਾਂ ਤੋਂ ਅਰੰਭ ਕਰ ਕੇ ਇਸ ਗਿਆਨ ਨੂੰ ਵੰਡਿਆ ਅਤੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਮੌਕੇ ਵੱਡੀ ਗਿਣਤੀ ਵਿੱਚ ਹੋਏ ਅੰਮ੍ਰਿਤ ਸੰਚਾਰ ਵਿਚ 212 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਭਾਈ ਖ਼ਾਲਸਾ ਨੇ 3 ਦਸੰਬਰ 2017 ਨੂੰ ਦੁਪਹਿਰ ਦੇ ਦੀਵਾਨ ਵਿਚ ਹਾਜ਼ਰੀ ਭਰਨ ਲਈ ਸੰਗਤ ਨੂੰ ਬੇਨਤੀ ਕੀਤੀ।

ਸੜਕ ਹਾਦਸੇ 'ਚ ਇਕ ਵਿਅਕਤੀ ਹਲਾਕ, ਸੱਤ ਜ਼ਖ਼ਮੀ

ਭਵਾਨੀਗੜ੍ਹ, 6 ਨਵੰਬਰ (ਗੁਰਦਰਸ਼ਨ ਸਿੰਘ ਸਿੱਧੂ/ਗੁਰਪ੍ਰੀਤ ਸਕਰੌਦੀ) : ਇਥੋਂ ਥੋੜ੍ਹੀ ਦੂਰ ਭਵਾਨੀਗੜ੍ਹ-ਸੰਗਰੂਰ ਮੁੱਖ ਮਾਰਗ 'ਤੇ ਪਿੰਡ ਫੱਗੂਵਾਲਾ ਵਿਖੇ ਇਕ ਸੜਕ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਅਤੇ ਸੱਤ ਜਣੇ ਗੰਭੀਰ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਸੰਘਣੀ ਧੁੰਦ ਕਾਰਨ ਸੰਗਰੂਰ ਵਲੋਂ ਆ ਰਹੀ ਇਕ ਟਵੇਰਾ ਗੱਡੀ ਅਵਾਰਾ ਪਸ਼ੂ ਨਾਲ ਟਕਰਾ ਕੇ ਸੜਕ ਕਿਨਾਰੇ ਖੜੀ ਕਾਰ ਵਿਚ ਵੱਜੀ। ਇਸੇ ਦੌਰਾਨ ਜਦੋਂ ਟਵੇਰਾ ਵਿਚੋਂ ਇਕ ਵਿਅਕਤੀ ਬਾਹਰ ਨਿਕਲ ਕੇ ਗੱਡੀ ਦਾ ਬੰਪਰ ਠੀਕ ਕਰ ਰਿਹਾ ਸੀ ਤਾਂ ਪਿੱਛੋਂ ਆ ਰਹੇ ਟਰਾਲੇ ਨੇ ਜ਼ੋਰਦਾਰ ਟੱਕਰ ਮਾਰ ਕੇ ਟਵੇਰਾ ਗੱਡੀ ਨੂੰ ਖਤਾਨਾਂ ਵਿਚ ਸੁੱਟ ਦਿਤਾ। ਇਸ ਟੱਕਰ ਵਿਚ ਟਵੇਰਾ ਸਵਾਰ ਰਣਜੀਤ ਸਿੰਘ ਦੀ ਮੌਤ ਹੋ ਗਈ, ਜਦੋਂ ਕਿ ਅਮਨਦੀਪ ਸਿੰਘ, ਗੁਰਮੇਲ ਸਿੰਘ, ਗੁਰਤੇਜ ਸਿੰਘ, ਗੁਰਨਾਮ ਸਿੰਘ, ਹਰਗੋਬਿੰਦ ਸਿੰਘ ਅਤੇ ਵਿੱਕੀ ਸਖ਼ਤ ਜ਼ਖ਼ਮੀ ਹੋ ਗਏ।

ਫ਼ੋਰਟਿਸ ਮਲਾਰ ਹੋਸਪਿਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ: L85110PB1989PLC045948
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062
ਟੈਲੀ. : +91-172-5096011; ਫ਼ੈਕਸ : +91-172-5096002
ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

30 ਸਤੰਬਰ, 2017 ਨੂੰ ਖ਼ਤਮ ਤਿਮਾਹੀ ਤੇ ਛਿਮਾਹੀ ਲਈ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾ)

ਵੇਰਵੇ	ਸਟੈਂਡਅਲੋਨ			
	30 ਸਤੰਬਰ, 2017 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	30 ਸਤੰਬਰ, 2017 ਨੂੰ ਖ਼ਤਮ ਛਿਮਾਹੀ (ਅਣਪੜਤਾਲੇ)	30 ਸਤੰਬਰ, 2016 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਮਾਰਚ, 2017 ਨੂੰ ਖ਼ਤਮ ਸਾਲ (ਪੜਤਾਲੇ)
ਕਾਰਵਾਈਆਂ ਤੋਂ ਆਮਦਨ	3,727.03	7,111.27	3,669.29	14,055.99
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ)	187.50	155.48	156.80	403.83
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	187.50	155.48	156.80	403.83
ਸ਼ੁੱਧ ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	125.40	104.07	102.80	282.03
ਕੁਲ ਵਿਆਪਕ (ਹਾਨੀ)/ਆਮਦਨ ਸਮੇਂ ਲਈ [ਸਮੇਂ ਲਈ ਲਾਭ ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)]	129.95	103.86	88.57	257.99
ਅਦਾ ਕੀਤੀ ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ)	1,869.95	1,869.95	1,865.95	1,867.95
ਰਾਖਵੇਂ ਸਮੇਤ ਪੁਨਰਮੁਲਾਂਕਣ ਰਾਖਵਾਂ	NA	NA	NA	7,959.97
ਸ਼ੇਅਰ ਅਨੁਸਾਰ ਕਮਾਈ (ਚਾਲੂ ਅਤੇ ਨਾ ਚਾਲੂ ਅਪ੍ਰੇਸ਼ਨਾਂ ਲਈ) (ਫ਼ੇਸ ਵੈਲਯੂ ਦਾ 10 ਰੁ. ਹਰੇਕ ਲਈ 10)				
(ੳ) ਬੇਸਿਕ	0.67	0.56	0.47	1.51
(ਅ) ਡਿਲਿਊਟਡ	0.67	0.55	0.47	1.50
	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ)

ਨੋਟ:

1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੁ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) 'ਤੇ ਅਤੇ ਕੰਪਨੀ ਦੀ ਵੈੱਬਸਾਈਟ (www.fortismalar.com) 'ਤੇ ਮੌਜੂਦ ਹੈ।

ਬਾ ਹੁਕਮ ਬੋਰਡ
ਲਈ ਅਤੇ ਵਲੋਂ ਫੋਰਟਿਸ ਮਲਾਰ ਹਾਸਪੀਟੀਲਜ਼ ਲਿਮਟਿਡ
ਦਲਜੀਤ ਸਿੰਘ
ਚੇਅਰਮੈਨ
ਡੀ.ਆਈ.ਐਨ. ਨੰ. : 00135414

ਸਥਾਨ : ਚੇਨਈ
ਮਿਤੀ : 6 ਨਵੰਬਰ, 2017

ਵਿਜਯਾ ਬੈਂਕ VIJAYA BANK

(ਭਾਰਤ ਸਰਕਾਰ ਅਧੀਨ ਇਕ ਅਦਾਰਾ) (A GOVT. OF INDIA UNDERTAKING)

ਬਰਾਂਚ ਦਫ਼ਤਰ : ਕਾਲਕਾਜੀ, ਨਵੀਂ ਦਿੱਲੀ

[ਰੂਲ 8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦਕਿ, ਵਿਜਯਾ ਬੈਂਕ, ਕਾਲਕਾਜੀ ਬਰਾਂਚ (6063) ਦੇ ਨਿਮਨਹਸਤਾਖ਼ਰੀ ਅਧਿਕਾਰਤ ਅਫ਼ਸਰ ਨੇ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫ਼ਾਈਨੈਂਸ਼ੀਅਲ ਐਸੇਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੱਸਟ (ਇਨਫ਼ੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਮਿਤੀ 01.08.2017 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਸ੍ਰੀ ਜੀਤੇਂਦਰ ਕੁਮਾਰ ਅਤੇ ਸ੍ਰੀ ਉਪੇਂਦਰ ਕੁਮਾਰ ਨੂੰ ਨੋਟਿਸ ਵਿਚ ਦਰਸਾਈ ਰਕਮ ਰੁ. 22,56,401/- (ਬਾਈ ਲੱਖ ਛਪੰਜਾ ਹਜ਼ਾਰ ਚਾਰ ਸੌ ਇਕ ਰੁ. ਸਿਰਫ਼) ਅਤੇ ਇਸ ਤੇ ਵਿਆਜ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਰਕਮ ਨੂੰ ਅਦਾ ਕਰਨ 'ਚ ਨਾਕਾਮ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ 2 ਨਵੰਬਰ, 2017 ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਦਾ ਅਧਿਕਾਰ ਰੁ. 22,56,401/-(ਬਾਈ ਲੱਖ ਛਪੰਜਾ ਹਜ਼ਾਰ ਚਾਰ ਸੌ ਇਕ ਰੁ. ਸਿਰਫ਼) ਅਤੇ ਇਸ ਤੇ ਵਿਆਜ ਦੀ ਵਸੂਲੀ ਲਈ ਵਿਜਯਾ ਬੈਂਕ, ਕਾਲਕਾਜੀ ਬਰਾਂਚ, ਦਿੱਲੀ (6063) ਕੋਲ ਹੈ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13(8) ਦੀਆਂ ਤਜਵੀਜ਼ਾਂ ਅਧੀਨ ਸੁਰੱਖਿਅਤ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਅਚੱਲ ਜਾਇਦਾਦ ਦਾ ਵੇਰਵਾ

ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਫਲੈਟ ਨੰ. 104, ਟਾਵਰ-ਟੀ-02, ਪਹਿਲੀ ਮੰਜ਼ਿਲ, ਕੋਸਮੋਸ ਗਰੀਨਜ਼, ਗਾਜ਼ੀਪੁਰ ਰੋਡ, ਜ਼ੀਰਕਪੁਰ, ਪੰਜਾਬ

ਹੱਦਾਂ : ਉਤਰ ਵੱਲ : ਫਲੈਟ ਨੰ. 103, ਦੱਖਣ ਵੱਲ : ਫਲੈਟ ਨੰ. 105, ਪੂਰਬ ਵੱਲ : ਓਟੀਐਸ, ਪੱਛਮ ਵੱਲ : ਓਟੀਐਸ

ਮਿਤੀ : 07.11.2017
ਸਥਾਨ : ਜ਼ੀਰਕਪੁਰ

ਸਹੀ/- ਅਧਿਕਾਰਤ ਅਫ਼ਸਰ
ਵਿਜਯਾ ਬੈਂਕ

ਕਰਜ਼ਾ ਵਸੂਲੀ ਟ੍ਰਿਬਿਊਨਲ -III, ਚੰਡੀਗੜ੍ਹ

ਐਸ.ਸੀ.ਓ. 33-34-35, ਗਰਾਊਂਡ ਫਲੋਰ, ਸੈਕਟਰ 17-ਏ, ਚੰਡੀਗੜ੍ਹ

ਪਬਲੀਕੇਸ਼ਨ

ਹਾਜ਼ਰ ਹੋਣ ਅਤੇ ਜਵਾਬ ਦਾਇਰ ਕਰਨ ਲਈ ਸੰਮਨ

(ਦੀ ਡੈਬੇਟਸ ਰਿਕਵਰੀ ਟ੍ਰਿਬਿਊਨਲ (ਪ੍ਰੋਸੀਜ਼ਰ) ਰੂਲਜ਼ ਸਮੇਂ ਤੋਂ ਸਮੇਂ ਸੋਧੇ ਅਨੁਸਾਰ ਦ ਰਿਕਵਰੀ ਆਫ਼ ਡੈਬੇਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇੰਸਟੀਚਿਊਸ਼ਨ ਐਕਟ 1993 ਦੇ ਰੂਲਜ਼ 12 ਤੇ 13 ਸਮੇਤ ਪੜ੍ਹੇ ਜਾਂਦੇ ਸੈਕਸ਼ਨ 19 (4) ਅਧੀਨ ਸੰਮਨ)

ਡਾਇਰੀ ਨੰ. 3941 ਓ.ਏ.ਨੰ.3158/17 ਮਿਤੀ : 29.09.2017

ਇਲਾਹਾਬਾਦ ਬੈਂਕ ਬਨਾਮ ਬਿਕਰਮ ਸਿੰਘ

1. ਬਿਕਰਮ ਸਿੰਘ ਉਰਫ਼ ਵਿਕਰਮ ਸਿੰਘ ਪੁੱਤਰ ਸ੍ਰੀ ਲਖਵਿੰਦਰ ਸਿੰਘ ਵਾਸੀ
ਪਹਿਲਾ ਪਤਾ : ਪਿੰਡ ਭਾਗੋਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ
ਦੂਜਾ ਪਤਾ : ਮਕਾਨ ਨੰ. 39, ਸੈਕਟਰ 5, ਚੰਡੀਗੜ੍ਹ
ਤੀਜਾ ਪਤਾ : ਮਕਾਨ ਨੰ 26, ਮੁਖੀਆ ਫਾਰਮ 20-ਐਫ਼, 19 ਐਫ਼ ਜਵਾਲੇਵਾਲਾ ਤਹਿਸੀਲ ਸ੍ਰੀ ਕਰਨਪੁਰ, ਗੰਗਾ ਨਗਰ, ਰਾਜਸਥਾਨ

ਮੇਰੇ ਵਲੋਂ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਕੇਸ ਇਸ ਟ੍ਰਿਬਿਊਨਲ ਸਨਮੁਖ ਦ ਰਿਕਵਰੀ ਆਫ਼ ਦਾ ਡੈਬਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਐਕਟ 1993 (ਸਮੇਂ ਸਮੇਂ ਸੋਧੇ ਹੋਏ) ਦੇ ਸੈਕਸ਼ਨ 19 ਅਧੀਨ ਕਰਜ਼ਾ ਵਸੂਲੀ ਰੁ. 38,33,831/- ਲਈ ਦਾਇਰ ਹੋਇਆ ਹੈ।

ਇਸ ਟ੍ਰਿਬਿਊਨਲ ਨੂੰ ਯਕੀਨ ਹੋ ਚੁੱਕਾ ਹੈ ਕਿ ਤੁਹਾਨੂੰ ਸਾਧਾਰਨ ਤਰੀਕੇ ਨਾਲ ਸੰਮਨ 'ਤੇ ਤਾਮੀਲ ਨਹੀਂ ਹੋ ਸਕਦੀ। ਇਸ ਲਈ ਇਸ ਨੋਟਿਸ ਦੀ ਪ੍ਰਕਾਸ਼ਨਾ ਰਾਹੀਂ ਤੁਹਾਨੂੰ ਇਸ ਟ੍ਰਿਬਿਊਨਲ ਸਨਮੁਖ 29.01.2018 ਨੂੰ ਸਵੇਰੇ 10.30 ਵਜੇ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਂਦਾ ਹੈ।

ਇਹ ਵੀ ਧਿਆਨ ਰੱਖਿਆ ਜਾਵੇ ਜੇ ਤੁਸੀਂ ਇਸ ਕੇਸ ਵਿਚ ਨੀਯਤ ਮਿਤੀ ਅਤੇ ਸਮੇਂ 'ਤੇ ਹਾਜ਼ਰ ਨਹੀਂ ਹੁੰਦੇ ਤਾਂ ਕੇਸ ਤੁਹਾਡੀ ਗੈਰਹਾਜ਼ਰੀ ਵਿਚ ਸੁਣਿਆ ਤੇ ਵਿਚਾਰਿਆ ਜਾਵੇਗਾ।

ਮੇਰੇ ਹਸਤਾਖ਼ਰ ਤੇ ਟ੍ਰਿਬਿਊਨਲ ਦੀ ਮੋਹਰ ਨਾਲ 19 ਸਤੰਬਰ, 2017 ਨੂੰ ਜਾਰੀ ਹੋਇਆ।

ਸਹਾਇਕ ਰਜਿਸਟਰਾਰ,
ਡੀਆਰਟੀ-III, ਚੰਡੀਗੜ੍ਹ

ਕਰਜ਼ਾ ਵਸੂਲੀ ਟ੍ਰਿਬਿਊਨਲ -I, ਚੰਡੀਗੜ੍ਹ

ਐਸ.ਸੀ.ਓ. 33-34-35, ਦੂਜੀ ਮੰਜ਼ਿਲ, ਸੈਕਟਰ 17-ਏ, ਚੰਡੀਗੜ੍ਹ

ਪਬਲੀਕੇਸ਼ਨ

ਹਾਜ਼ਰ ਹੋਣ ਅਤੇ ਜਵਾਬ ਦਾਇਰ ਕਰਨ ਲਈ ਸੰਮਨ

(ਦੀ ਡੈਬੇਟਸ ਰਿਕਵਰੀ ਟ੍ਰਿਬਿਊਨਲ (ਪ੍ਰੋਸੀਜ਼ਰ) ਰੂਲਜ਼ ਸਮੇਂ ਤੋਂ ਸਮੇਂ ਸੋਧੇ ਅਨੁਸਾਰ ਦ ਰਿਕਵਰੀ ਆਫ਼ ਡੈਬੇਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇੰਸਟੀਚਿਊਸ਼ਨ ਐਕਟ 1993 ਦੇ ਰੂਲਜ਼ 12 ਤੇ 13 ਸਮੇਤ ਪੜ੍ਹੇ ਜਾਂਦੇ ਸੈਕਸ਼ਨ 19 (4) ਅਧੀਨ ਸੰਮਨ)

ਡਾਇਰੀ ਨੰ. 3370 ਓ.ਏ.ਨੰ.1363/2017 ਮਿਤੀ : 28.10.17

ਕੇਨਰਾ ਬੈਂਕ ਬਨਾਮ ਬਲਵਿੰਦਰ ਸਿੰਘ

1. ਬਲਵਿੰਦਰ ਸਿੰਘ ਪੁੱਤਰ ਸ੍ਰੀ ਬਲਕਾਰ ਸਿੰਘ ਵਾਸੀ ਪਿੰਡ ਬਹਾਦਰ ਕੇ ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ, ਪੰਜਾਬ

ਮੇਰੇ ਵਲੋਂ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਕੇਸ ਇਸ ਟ੍ਰਿਬਿਊਨਲ ਸਨਮੁਖ ਦ ਰਿਕਵਰੀ ਆਫ਼ ਦਾ ਡੈਬਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਐਕਟ 1993 (ਸਮੇਂ ਸਮੇਂ ਸੋਧੇ ਹੋਏ) ਦੇ ਸੈਕਸ਼ਨ 19 ਅਧੀਨ ਕਰਜ਼ਾ ਵਸੂਲੀ ਰੁ. 17,57,874/- ਲਈ ਦਾਇਰ ਹੋਇਆ ਹੈ।

ਇਸ ਟ੍ਰਿਬਿਊਨਲ ਨੂੰ ਯਕੀਨ ਹੋ ਚੁੱਕਾ ਹੈ ਕਿ ਤੁਹਾਨੂੰ ਸਾਧਾਰਨ ਤਰੀਕੇ ਨਾਲ ਸੰਮਨ 'ਤੇ ਤਾਮੀਲ ਨਹੀਂ ਹੋ ਸਕਦੀ। ਇਸ ਲਈ ਇਸ ਨੋਟਿਸ ਦੀ ਪ੍ਰਕਾਸ਼ਨਾ ਰਾਹੀਂ ਤੁਹਾਨੂੰ ਇਸ ਟ੍ਰਿਬਿਊਨਲ ਸਨਮੁਖ 07.12.2017 ਨੂੰ ਸਵੇਰੇ 10.30 ਵਜੇ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਂਦਾ ਹੈ।

ਇਹ ਵੀ ਧਿਆਨ ਰੱਖਿਆ ਜਾਵੇ ਜੇ ਤੁਸੀਂ ਇਸ ਕੇਸ ਵਿਚ ਨੀਯਤ ਮਿਤੀ ਅਤੇ ਸਮੇਂ 'ਤੇ ਹਾਜ਼ਰ ਨਹੀਂ ਹੁੰਦੇ ਤਾਂ ਕੇਸ ਤੁਹਾਡੀ ਗੈਰਹਾਜ਼ਰੀ ਵਿਚ ਸੁਣਿਆ ਤੇ ਵਿਚਾਰਿਆ ਜਾਵੇਗਾ।

ਮੇਰੇ ਹਸਤਾਖ਼ਰ ਤੇ ਟ੍ਰਿਬਿਊਨਲ ਦੀ ਮੋਹਰ ਨਾਲ 27 ਅਕਤੂਬਰ, 2017 ਨੂੰ ਜਾਰੀ ਹੋਇਆ।

ਬਾ ਹੁਕਮ
ਰਜਿਸਟਰਾਰ,
ਡੀਆਰਟੀ-I, ਚੰਡੀਗੜ੍ਹ

ਬੈਂਕ ਆੱਫ਼ ਬੜੌਦਾ Bank of Baroda

ਖੇਤਰੀ ਦਫ਼ਤਰ, ਐਸ.ਸੀ.ਓ. 62-63, ਪਹਿਲੀ/ਦੂਜੀ ਮੰਜ਼ਿਲ, ਬੈਂਕ ਸੁਕੇਅਰ ਸੈਕਟਰ 17ਬੀ, ਚੰਡੀਗੜ੍ਹ, ਫ਼ੋਨ : 0172-5007292

ਈ-ਨੀਲਾਮੀ ਵਿਕਰੀ ਨੋਟਿਸ

ਸਕਿਊਰਡ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ

ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫ਼ਾਈਨੈਂਸ਼ੀਅਲ ਐਸੇਟਸ ਐਂਡ ਇੰਫੋਰਸਮੈਂਟ ਆਫ ਸਕਿਊਰਿਟੀ ਇੰਟਰੱਸਟ ਐਕਟ, 2002 (ਇਸ ਤੋਂ ਬਾਅਦ ਐਕਟ ਕਿਹਾ ਜਾਵੇਗਾ) ਅਧੀਨ

ਲੋਕਾਂ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰਾਂ ਅਤੇ ਗਾਰੰਟਰਾਂ ਨੂੰ ਵਿਸ਼ੇਸ਼ ਤੌਰ 'ਤੇ ਨੋਟਿਸ ਦਿਤਾ ਜਾਂਦਾ ਹੈ ਕਿ ਹੇਠਾਂ ਲਿਖੀਆਂ ਜਾਇਦਾਦਾਂ ਜੋ ਕਿ ਬੈਂਕ ਆਫ ਬੜੌਦਾ ਕੋਲ ਗਿਰਵੀ ਪਈਆਂ ਹਨ, ਜਿਨ੍ਹਾਂ ਦਾ ਕਬਜ਼ਾ ਬੈਂਕ ਦੇ ਸਬੰਧਤ ਅਧਿਕਾਰਤ ਅਫ਼ਸਰਾਂ ਵਲੋਂ ਐਕਟ ਦੇ ਸੈਕਸ਼ਨ 13(4) ਹੇਠ ਪ੍ਰਾਪਤ ਕੀਤਾ ਗਿਆ ਹੈ, ਨੂੰ ਹੇਠਾਂ ਲਿਖੀਆਂ ਸ਼ਰਤਾਂ 'ਤੇ ਈ-ਨੀਲਾਮੀ ਰਾਹੀਂ ਬੈਂਕ ਦੇ ਬਕਾਏ ਨੂੰ ਵਿਆਜਅਤੇ ਲਾਗਤਾਂ ਆਦਿ ਸਮੇਤ ਵਸੂਲਣ ਲਈ ਵੇਚ ਦਿਤਾ ਜਾਵੇਗਾ।
ਹੇਠਾਂ ਲਿਖੀ ਜਾਇਦਾਦ ਨੂੰ 'ਜੋ ਹੈ ਜਿਥੇ ਹੈ, ਜੋ ਵੀ ਹੈ ਅਤੇ ਬਿਨਾ ਕਿਸੇ ਚਾਰੇ ਤੋਂ' ਸਕਿਊਰਿਟੀ ਇੰਟਰੱਸਟ (ਇੰਫੋਰਸਮੈਂਟ) ਰੂਲਜ਼ (ਇਸ ਤੋਂ ਬਾਅਦ ਰੂਲਜ਼ ਲਿਖਿਆ ਜਾਵੇਗਾ) ਦੇ ਆਧਾਰ 'ਤੇ ਵੇਚੀ ਜਾਵੇਗੀ।

ਬ੍ਰਾਂਚ	ਕਰਜ਼ਦਾਰ	ਜਾਇਦਾਦ ਦਾ ਮਾਲਕ / ਗਾਰੰਟਰ	ਚੱਲ/ਅਚੱਲ ਜਾਇਦਾਦ ਦਾ ਦਾ ਵੇਰਵਾ	ਜਾਇਦਾਦ ਦੀ ਕਿਸਮ	ਡਿਮਾਂਡ ਨੋਟਿਸ ਦੀ ਮਿਤੀ ਸੈਕਸ਼ਨ 13(2) ਅਧੀਨ	ਬਕਾਇਆ	ਰਾਖਵੀਂ ਕੀਮਤ	ਈ.ਐਮ.ਡੀ.	ਈ.ਐਮ.ਡੀ. ਕੁਲੈਕਸ਼ਨ ਖਾਤਾ	ਈ.ਐਮ.ਡੀ. ਅਦਾ ਕਰਨ ਦਾ ਤਰੀਕਾ	ਆਈ.ਐਫ.ਐਸ.ਸੀ. ਕੋਡ	ਈ-ਨੀਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ	ਬੋਲੀ ਵਧਾਉਣ ਦੀ ਘੱਟ ਤੋਂ ਘੱਟ ਰਕਮ	ਸੰਪਰਕ ਵਿਅਕਤੀ ਦਾ ਨਾਮ ਅਤੇ ਸੰਪਰਕ ਨੰਬਰ
ਐਸ.ਐਸ.ਆਈ. ਮੰਡੀ ਗੋਬਿੰਦਗੜ੍ਹ	ਮੈਸਰਜ਼ ਅਰਿਹੰਤ ਟਰੇਡਰਜ਼ (ਕਰਜ਼ਦਾਰ), ਸ੍ਰੀ ਮਨਮੋਹਨ ਸਿੰਘ (ਮਾਲਕ), ਸ੍ਰੀ ਗਗਨ ਦੀਪ ਚੰਨੀ (ਗਾਰੰਟਰ), ਸ੍ਰੀ ਸਾਧੂ ਸਿੰਘ (ਗਾਰੰਟਰ) ਅਤੇ ਮੈਸਰਜ਼ ਧੀਮਾਨ ਇਸਪਾਤ ਪ੍ਰਾ. ਲਿ. (ਗਾਰੰਟਰ)	ਜਾਇਦਾਦ ਮੈਸਰਜ਼ ਧੀਮਾਨ ਇਸਪਾਤ ਪ੍ਰਾ. ਲਿਮ. ਦੇ ਨਾਂ 'ਤੇ ਹੈ	ਇੰਡਸਟ੍ਰੀਅਲ ਜਾਇਦਾਦ ਦੀ ਈ.ਐਮ. ਮਾਪ 4 ਵਿੱਘੇ 16 ਬਿਸਵੇ ਜਿਸ 'ਚ ਸ਼ਾਮਲ ਹੈ ਖਾਤਾ ਨੰ. 1/6 ਖਸਰਾ ਨੰ. 415/76 (2-6) ਮਾਪ 2 ਵਿੱਘੇ 6 ਬਿਸਵੇ ਅਤੇ ਖਾਤਾ ਨੰ. 1/63 ਖਸਰਾ ਨੰ. 422/78 (1-14) 530/680ਵਾਂ ਹਿੱਸਾ ਯਾਨਿਕੀ 1 ਵਿੱਘਾ 6 1/2 ਬਿਸਵੇ ਅਤੇ ਖਾਤਾ ਨੰ. 1/6 ਖਸਰਾ ਨੰ. 576/495/426/79(0-9), 578/497/430/80 (1-1) 470/600ਵਾਂ ਹਿੱਸਾ ਯਾਨਿਕੀ 1 ਵਿੱਘਾ 3 ਬਿਸਵੇ 10 ਬਿਸਵਾਸੀ ਕੁਲ ਜ਼ਮੀਨ ਮਾਪ 4 ਵਿੱਘੇ 16 ਬਿਸਵੇ ਜਮ੍ਹਾਂਬੰਦੀ 1994-95 ਪਿੰਡ ਗੋਬਿੰਦਗੜ੍ਹ ਦੇ ਰੈਵੀਨਿਊ ਅਸਟੇਟ 'ਚ ਸਥਿਤ ਵਸੀਕਾ ਨੰ. 2081 ਮਿਤੀ 01.02.2001 ਮੈਸਰਜ਼ ਧੀਮਾਨ ਇਸਪਾਤ ਪ੍ਰਾ. ਲਿਮ. ਮਾਈਂ ਵਡਹੇੜੀ ਰੋਡ ਵਿਖੇ ਸਥਿਤ, ਗੁਰੂ ਕੀ ਨਗਰੀ, ਨੇੜੇ ਰੇਲਵੇ ਸਟੇਸ਼ਨ ਮੰਡੀ ਗੋਬਿੰਦਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਸਥਿਤ।	ਇੰਡਸਟ੍ਰੀਅਲ ਜਾਇਦਾਦ	07.05.2015	ਰੁ. 3,11,80,157.91 ਜਮ੍ਹਾਂ ਅਣਲੱਗਿਆ ਵਿਆਜ ਅਤੇ ਹੋਰ ਖ਼ਰਚੇ ਮਿਤੀ 30.11.2015 ਤੋਂ	ਰੁ. 1,12,46,000/-	ਰੁ. 11,25,000/-	ਖਾਤਾ ਨੰ. 25630200000705	ਆਰ.ਟੀ.ਜੀ.ਐਸ./ ਐਨ.ਈ.ਐਫ.ਟੀ.	BARB0SSIGOB (ਪੰਜਵਾਂ ਅੱਖਰ ਸਿਫ਼ਰ ਹੈ)	28.11.2017 ਸਮਾਂ : ਦੁਪਹਿਰ 01:00 ਵਜੇ ਤੋਂ 03:00 ਵਜੇ ਤਕ	ਰੁ. 20,000/-	ਸ੍ਰੀ ਡੀ.ਕੀ. ਮਲਹੋਤਰਾ, ਬ੍ਰਾਂਚ ਮੈਨੇਜਰ, ਐਸ.ਐਸ.ਆਈ. ਮੰਡੀ ਗੋਬਿੰਦਗੜ੍ਹ ਬ੍ਰਾਂਚ, ਮੋਬਾਈਲ : 8288097561
ਸੁੰਦਰ ਨਗਰ, ਲੁਧਿਆਣਾ	ਮੈਸਰਜ਼ ਗਰੇਸ ਸਪਿੰਨਿੰਗ ਮਿੱਲਜ਼ (ਕਰਜ਼ਦਾਰ), ਸ੍ਰੀ ਮੋਹਨਿਕ ਕਾਲੜਾ (ਮਾਲਕ), ਸ੍ਰੀ ਕੰਵਲਜੀਤ ਕਾਲੜਾ (ਗਾਰੰਟਰ), ਸ੍ਰੀਮਤੀ ਰੂਪਾਲੀ ਕਾਲੜਾ (ਗਾਰੰਟਰ)।	ੳ) ਜਾਇਦਾਦ ਸ੍ਰੀਮਤੀ ਰੂਪਾਲੀ ਕਾਲੜਾ ਦੇ ਨਾਂ 'ਤੇ ਹੈ। ਅ) ਜਾਇਦਾਦ ਸ੍ਰੀਮਤੀ ਕੰਵਲਜੀਤ ਕਾਲੜਾ ਦੇ ਨਾਂ 'ਤੇ ਹੈ। ੲ) ਜਾਇਦਾਦ ਸ੍ਰੀਮਤੀ ਰੂਪਾਲੀ ਕਾਲੜਾ ਦੇ ਨਾਂ 'ਤੇ ਹੈ।	ੳ) ਜਾਇਦਾਦ ਮਾਪ 5 ਕਨਾਲ 8-2/3 ਮਰਲੇ ਖਾਤਾ ਨੰ. 133/147, 136/150, 134/148, ਖਸਰਾ ਨੰ. 40//23, 24, 41//4, ਪਿੰਡ ਨੂਰਵਾਲਾ, ਹੱਦਬਸਤ ਨੰ. 81, ਨੇੜੇ ਪਰਸੂਰਾਮ ਮੰਡੀ, ਜੈਨ ਹੋਜ਼ਰੀ ਕੰਪਲੈਕਸ, ਨੂਰਵਾਲਾ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਅ) 4 ਕਨਾਲ ਦੀ ਜਾਇਦਾਦ ਖਾਤਾ ਨੰ. 133/147, 136/150, 134/148, ਖਸਰਾ ਨੰ. 40//23, 24, 41//4, ਪਿੰਡ ਨੂਰਵਾਲਾ ਵਿਖੇ ਸਥਿਤ, ਹੱਦਬਸਤ ਨੰ. 81, ਨੇੜੇ ਪਰਸੂਰਾਮ ਮੰਡੀ, ਜੈਨ ਹੋਜ਼ਰੀ ਕੰਪਲੈਕਸ, ਨੂਰਵਾਲਾ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ੲ) ਜਾਇਦਾਦ ਮਾਪ 95.90 ਵਰਗ ਗਜ਼ ਖਾਤਾ ਨੰ. 2100/2314, 2108/2322, 173 ਅਤੇ 156, ਪਿੰਡ ਤਰਫ਼ ਸੈਦਾਂ, ਹੱਦਬਸਤ ਨੰ. 172 ਸੁੰਦਰਨਗਰ, ਪਿਛਲੇ ਪਾਸੇ ਦੁਕਾਨਾਂ ਸਾਈ ਮਸ਼ੀਨਜ਼ ਐਂਡ ਮਹਾਂਵੀਰ ਪ੍ਰਾਪਰਟੀਜ਼, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ।	ੳ) ਖੁੱਲ੍ਹਾ ਪਲਾਟ ਅ) ਜ਼ਮੀਨ ਅਤੇ ਬਿਲਡਿੰਗ ੲ) ਗੋਦਾਮ	02.07.2016	ਰੁ. 5,99,92,938/- + ਅਣਲੱਗਿਆ ਵਿਆਜ ਅਤੇ ਹੋਰ ਖ਼ਰਚੇ ਮਿਤੀ 01.11.2016 ਤੋਂ	ੳ) ਰੁ. 1,53,52,000/- ਅ) ਰੁ. 1,75,18,000/- ੲ) ਰੁ. 43,02,000/-	ੳ) ਰੁ. 15,36,000/- ਅ) ਰੁ. 17,52,000/- ੲ) ਰੁ. 4,31,000/-	ਖਾਤਾ ਨੰ. 35690200000194	ਆਰ.ਟੀ.ਜੀ.ਐਸ./ ਐਨ.ਈ.ਐਫ.ਟੀ.	BARB0SUNLUD (ਪੰਜਵਾਂ ਅੱਖਰ ਸਿਫ਼ਰ ਹੈ)	28.11.2017 ਸਮਾਂ : ਦੁਪਹਿਰ 01:00 ਵਜੇ ਤੋਂ 03:00 ਵਜੇ ਤਕ	ੳ) ਰੁ. 20,000/- ਅ) ਰੁ. 20,000/- ੲ) ਰੁ. 10,000/-	ਸ੍ਰੀ ਕਾਲਾ ਸਿੰਘ, ਸੀ. ਬ੍ਰਾਂਚ ਮੈਨੇਜਰ, ਮੈਨੇਜਰ, ਮੋਬਾਈਲ : 8288097559
ਜੀ.ਟੀ. ਰੋਡ, ਖੰਨਾ	ਮੈਸਰਜ਼ ਹਿਮਾਂਸ਼ੂ ਇੰਡਸਟਰੀਜ਼, ਪਾਰਟਨਰ ਸ੍ਰੀਮਤੀ ਸੁਰੇਸ਼ ਕੁਮਾਰੀ ਪਤਨੀ ਸ੍ਰੀ ਜਗਦੀਸ਼ ਕੁਮਾਰ ਅਤੇ ਸ੍ਰੀ ਆਸ਼ੀਸ਼ ਕੁਮਾਰ ਪੁੱਤਰ ਸ੍ਰੀ ਜਗਦੀਸ਼ ਕੁਮਾਰ	ਮੈਸਰਜ਼ ਹਿਮਾਂਸ਼ੂ ਇੰਡਸਟਰੀਜ਼, ਪਾਰਟਨਰ ਸ੍ਰੀਮਤੀ ਸੁਰੇਸ਼ ਕੁਮਾਰੀ ਪਤਨੀ ਸ੍ਰੀ ਜਗਦੀਸ਼ ਕੁਮਾਰ ਅਤੇ ਸ੍ਰੀ ਆਸ਼ੀਸ਼ ਕੁਮਾਰ ਪੁੱਤਰ ਸ੍ਰੀ ਜਗਦੀਸ਼ ਕੁਮਾਰ।	ਇੰਡਸਟ੍ਰੀਅਲ ਬਿਲਡਿੰਗ ਦੀ ਇਕੁਈਟੇਬਲ ਮੋਰਗੇਜ ਪਲਾਟ ਡੀ-50, ਇੰਡਸਟ੍ਰੀਅਲ ਫੋਕਲ ਪੁਆਇੰਟ, ਮੰਡੀ ਗੋਬਿੰਦਗੜ੍ਹ - 147301	ਕਮਰਸ਼ੀਅਲ ਜਾਇਦਾਦ	09.06.2015	1,51,13,741/- (ਜਮ੍ਹਾਂ ਅਣਲੱਗਿਆ ਵਿਆਜ ਮਿਤੀ 01.01.2015 ਤੋਂ + ਬੈਂਕ ਖ਼ਰਚੇ ਅਤੇ ਹੋਰ ਖ਼ਰਚੇ)	ਰੁ. 38.98 ਲੱਖ	ਰੁ. 3,89,800/-	ਖਾਤਾ ਨੰ. 30670200000323	ਆਰ.ਟੀ.ਜੀ.ਐਸ./ ਐਨ.ਈ.ਐਫ.ਟੀ.	BARB0KHANNA (ਪੰਜਵਾਂ ਅੱਖਰ ਸਿਫ਼ਰ ਹੈ)	28.11.2017 ਸਮਾਂ : ਦੁਪਹਿਰ 01:00 ਵਜੇ ਤੋਂ 03:00 ਵਜੇ ਤਕ	ਰੁ. 10,000/-	ਬ੍ਰਾਂਚ ਮੈਨੇਜਰ/ਅਧਿਕਾਰਤ ਅਫ਼ਸਰ ਬੈਂਕ ਆਫ਼ ਬੜੌਦਾ, ਫ਼ੋਨ ਨੰ. 01628-231234, ਮੋ. : 8288097562
ਟਕਸਾਲ	ਕਰਜ਼ਦਾਰ:- ਮੈਸਰਜ਼ ਮਾਧਵ ਟਰੇਡਿੰਗ ਕੰ. ਸ੍ਰੀ ਨਿਤਿਨ ਗਰਗ (ਮਾਲਕ) ਅਤੇ ਸ੍ਰੀ ਕਮਲ ਗਰਗ ਅਤੇ ਸ੍ਰੀਮਤੀ ਰਾਜ ਰਾਣੀ ਗਰਗ ਗਾਰੰਟਰਜ਼।	ਸ੍ਰੀ ਕਮਲ ਗਰਗ	ਕਮਰਸ਼ੀਅਲ ਜ਼ਮੀਨ/ਸ਼ੋਅਰੂਮ ਪਲਾਟ ਨੰ. 131, ਸ਼ਿਵਾਲਿਕ ਵਿਹਾਰ, ਖਾਤਾ/ਖਤੌਨੀ ਨੰ. 405/430, ਖਸਰਾ ਨੰ. 67//1/1(4-14), ½(3-6), ਕਿੱਤੇ 2, ਰਕਬਾ 8 ਕਨਾਲ 0 ਮਰਲੇ ਜਿਸ ਵਿਚੋਂ 2-1/2/160ਵਾਂ ਹਿੱਸਾ ਬਕਦਾਰ 0 ਕਨਾਲ 2-1/2 ਮਰਲੇ (75 ਵਰਗ ਗਜ਼) ਪਿੰਡ ਪ੍ਰਭਾਤ, ਐਮ.ਸੀ. ਜ਼ੀਰਕਪੁਰ, ਜ਼ਿਲ੍ਹਾ ਮੋਹਾਲੀ ਵਿਖੇ ਸ੍ਰੀ ਕਮਲ ਗਰਗ ਪੁੱਤਰ ਸ੍ਰੀ ਜਗਦੀਸ਼ ਰਾਏ ਗਰਗ (ਗਾਰੰਟਰ) ਦੀ ਫ਼ਰਮ 'ਚ ਸਥਿਤ ਹੈ।	ਕਮਰਸ਼ੀਅਲ ਪਲਾਟ	25.04.2016 / ਸਿੰਬੋਲਿਕ ਕਬਜ਼ਾ ਮਿਤੀ 05.10.2016	ਰੁ. 98,42,441/-+ ਵਿਆਜ ਮਿਤੀ 25.04.2016 ਤੋਂ ਜਮ੍ਹਾਂ ਹੋਰ ਬੈਂਕ ਖ਼ਰਚੇ ਜਮ੍ਹਾਂ ਵਿਆਜ	ਰੁ. 18.00 ਲੱਖ	ਰੁ. 1.80 ਲੱਖ	ਖਾਤਾ ਨੰ. 12800200007457	ਆਰ.ਟੀ.ਜੀ.ਐਸ./ ਐਨ.ਈ.ਐਫ.ਟੀ.	BARB0TAKSAL (ਪੰਜਵਾਂ ਅੱਖਰ ਸਿਫ਼ਰ ਹੈ)	28.11.2017 ਸਮਾਂ : ਦੁਪਹਿਰ 01:00 ਵਜੇ ਤੋਂ 03:00 ਵਜੇ ਤਕ	ਰੁ. 10,000/-	ਸ੍ਰੀ ਪੁਨੀਤ ਸ੍ਰੀਵਾਸਤਵ, ਚੀਫ ਮੈਨੇਜਰ, ਬੱਦੀ, ਮੋ. 7832909151/ ਸ੍ਰੀ ਜ਼ੋਰਾਵਰ ਸਿੰਘ, ਸੀ. ਬ੍ਰਾਂਚ ਮੈਨੇਜਰ, ਟਕਸਾਲ, ਮੋ. : 7832909166
ਏ.ਆਰ.ਐਮ.ਬੀ. ਸੈਕਟਰ 17 ਬੀ, ਚੰਡੀਗੜ੍ਹ	ਮੈਸਰਜ਼ ਬਾਲਾਜੀ ਫ਼ੂਡ ਪ੍ਰੋਡਕਟਸ, ਮਾਲਕ ਸ੍ਰੀ ਸੰਜੇ ਗਰਗ ਅਤੇ ਸ੍ਰੀਮਤੀ ਮਲਿਕਾ ਗਰਗ, ਸ੍ਰੀ ਦੀਪਕ ਬਾਂਸਲ, ਮਿਸ ਗਗਨਦੀਪ ਕੌਰ ਗਾਰੰਟਰ	ਸ੍ਰੀ ਸੰਜੇ ਗਰਗ ਅਤੇ ਸ੍ਰੀਮਤੀ ਮਲਿਕਾ ਗਰਗ	(ੳ) ਰਿਹਾਇਸ਼ੀ ਪਲਾਟ ਖ/ਖ. ਨੰ. 279/299, ਖਸਰਾ ਨੰ. 24//19/2(5-12) (ਦੀਪਕ ਬਾਂਸਲ 6/112ਵਾਂ ਹਿੱਸਾ) (ਗਗਨਦੀਪ ਕੌਰ ਦਾ ਹਿੱਸਾ 2½/112) ਖ/ਖ. ਨੰ. 281/301 ਖਸਰਾ ਨੰ. 24/12(6-6) (ਦੀਪਕ ਬਾਂਸਲ ਦਾ ਹਿੱਸਾ 12/17) (ਗਗਨਦੀਪ ਕੌਰ ਦਾ ਹਿੱਸਾ 5/17) ਕੋਲ ਰਕਬਾ 17 ਮਰਲੇ ਪਿਛਲੇ ਪਾਸੇ ਨਿਊ ਖੰਨਾ ਸਿਟੀ ਪਿੰਡ ਬੁੱਲੇਪੁਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਸ੍ਰੀ ਦੀਪਕ ਬਾਂਸਲ ਪੁੱਤਰ ਸ੍ਰੀ ਰਵਿੰਦਰ ਬਾਂਸਲ ਅਤੇ ਮਿਸ ਗਗਨਦੀਪ ਕੌਰ ਪਤਨੀ ਸ੍ਰੀ ਦੀਪਕ ਬਾਂਸਲ (ਗਾਰੰਟਰ), (ਅ) ਰਿਹਾਇਸ਼ੀ ਪਲਾਟ-ਖ/ਖ. ਨੰ. 280/300 ਖਸਰਾ ਨੰ. 24//11/2(4-4) ਹਿੱਸਾ (6½/84) ਖ/ਖ ਨੰ. 281/301 ਖਸਰਾ ਨੰ. 24/12 (6-6) ਹਿੱਸਾ (101½/126) ਕੁਲ ਰਕਬਾ 17 ਮਰਲੇ ਪਿਛਲੇ ਪਾਸੇ ਨਿਊ ਖੰਨਾ ਸਿਟੀ, ਪਿੰਡ ਬੁੱਲੇਪੁਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਸ੍ਰੀ ਸੰਜੇ ਗਰਗ ਪੁੱਤਰ ਸ੍ਰੀ ਪੁਰਸ਼ੋਤਮ ਦਾਸ ਦੇ ਨਾਂ 'ਤੇ ਸਥਿਤ (ਕਰਜ਼ਦਾਰ), (ੲ) ਰਿਹਾਇਸ਼ੀ ਪਲਾਟ-ਖ/ਖ. ਨੰ. 252/276 ਖਸਰਾ ਨੰ. 24/19/2 (5-12) ਖ/ਖ. ਨੰ. 254/279 ਖਸਰਾ ਨੰ. 24/12(6-6) ਕੁਲ ਰਕਬਾ 01 ਕਨਾਲ 14 ਮਰਲੇ ਪਿਛਲੇ ਪਾਸੇ ਨਿਊ ਖੰਨਾ ਸਿਟੀ ਪਿੰਡ ਬੁੱਲੇਪੁਰ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸ੍ਰੀਮਤੀ ਮਲਿਕਾ ਗਰਗ ਪਤਨੀ ਸ੍ਰੀ ਸੰਜੇ ਗਰਗ ਦੇ ਨਾਂ 'ਤੇ (ਗਾਰੰਟਰ)।	ਰਿਹਾਇਸ਼ੀ ਜਾਇਦਾਦ	27.07.2012	ਰੁ. 1,38,38,541.06 ਜਮ੍ਹਾਂ ਵਿਆਜ ਮਿੱਥੀ ਦਰ 'ਤੇ ਮਿਤੀ 01.07.2012 ਤੋਂ	ਰੁ. 26.60 ਲੱਖ	ਰੁ. 2.66 ਲੱਖ	ਖਾਤਾ ਨੰ. 01090200000559	ਆਰ.ਟੀ.ਜੀ.ਐਸ./ ਐਨ.ਈ.ਐਫ.ਟੀ.	BARB0SECTOB (ਪੰਜਵਾਂ ਅੱਖਰ ਸਿਫ਼ਰ ਹੈ)	28.11.2017 ਸਮਾਂ : ਦੁਪਹਿਰ 01:00 ਵਜੇ ਤੋਂ 03:00 ਵਜੇ ਤਕ	ਰੁ. 5,000/-	ਸ੍ਰੀ ਬਲਰਾਮ ਕੁਮਾਰ, ਚੀਫ਼ ਮੈਨੇਜਰ, ਚੰਡੀਗੜ੍ਹ 8558816006

ਈ-ਨੀਲਾਮੀ ਵਿਕਰੀ ਦੀਆਂ ਨਿਯਮ ਅਤੇ ਸ਼ਰਤਾਂ:- ਵਿਕਰੀ ਹੇਠਾਂ ਲਿਖੀਆਂ ਨਿਯਮ ਅਤੇ ਸ਼ਰਤਾਂ 'ਤੇ ਹੋਵੇਗੀ:- 1. ਨੀਲਾਮੀ-ਕਮ-ਵਿਕਰੀ ਈ-ਨੀਲਾਮੀ ਮੋਡ ਰਾਹੀਂ ਅਧਿਕਾਰਕ ਪੋਰਟਲ **https://www.bankeauctions.com** 'ਤੇ ਹੋਵੇਗੀ। 2. ਪੂਰੀ ਚੌਕਸੀ ਵਰਤੀ ਗਈ ਹੈ ਕਿ ਉੱਪਰ ਲਿਖੀ ਸੂਚੀ ਵਿਚ ਸੁਰੱਖਿਅਤ ਅਸਾਸਿਆਂ ਦਾ ਵੇਰਵਾ ਬਿਲਕੁਲ ਠੀਕ ਹੈ। ਇਸ ਐਲਾਨਨਾਮੇ 'ਚ ਕਿਸੇ ਵੀ ਗ਼ਲਤੀ, ਗ਼ਲਤਬਿਆਨੀ ਜਾਂ ਭੁੱਲ ਲਈ ਅਧਿਕਾਰਤ ਅਫ਼ਸਰ ਜ਼ਿੰਮੇਵਾਰ ਨਹੀਂ ਹੋਵੇਗਾ 3. ਇੱਛੁਕ ਬੋਲੀਕਰਤਾਵਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਅਪਣੀਆਂ ਬੋਲੀਆਂ ਜਮ੍ਹਾਂ ਕਰਵਾਉਣ ਲਈ ਅਤੇ ਈ-ਨੀਲਾਮੀ 'ਚ ਹਿੱਸਾ ਲੈਣ ਲਈ ਪੋਰਟਲ **https://www.bankeauctions.com** 'ਤੇ ਜਾ ਕੇ ਈ-ਨੀਲਾਮੀ ਦੀਆਂ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਵੇਖਣ ਅਤੇ ਸਬੰਧਤ ਜਾਇਦਾਦ ਲਈ ਸਬੰਧਤ ਅਧਿਕਾਰਤ ਅਫ਼ਸਰ ਨਾਲ ਸੰਪਰਕ ਕਰਨ ਜੋ ਕਿ ਹਰੇਕ ਜਾਇਦਾਦ ਸਾਹਮਣੇ ਲਿਖਿਆ ਗਿਆ ਹੈ। 4. ਸਕਿਊਰਡ ਅਸਾਸਿਆਂ ਨੂੰ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚਿਆ ਜਾਵੇਗਾ। ਨੀਲਾਮੀ ਰਾਖਵੀਂ ਕੀਮਤ ਤੋਂ ਇਕ ਇੰਕਰੀਮੈਂਟ ਵਧਾ ਕੇ ਸ਼ੁਰੂ ਹੋਵੇਗੀ ਅਤੇ ਬੋਲੀਕਰਤਾ ਆਪਸ 'ਚ ਬੋਲੀ ਲਗਾ ਕੇ ਅਪਣੀਆਂ ਪੇਸ਼ਕਸ਼ਾਂ ਨੂੰ ਘੱਟ ਤੋਂ ਘੱਟ ਵਾਧੇ ਦੀ ਰਕਮ ਨਾਲ ਵਧਾਉਣ ਲਈ ਆਜ਼ਾਦ ਹੋਣਗੇ। 5. ਇੱਛੁਕ ਬੋਲੀਕਰਤਾ ਅਪਣੀ ਬਿਆਨਾ ਰਕਮ 27.11.2017 ਨੂੰ ਸ਼ਾਮ 5:00 ਵਜੇ ਤਕ ਜਮ੍ਹਾਂ ਕਰਵਾਉਣਗੇ। ਇੱਛੁਕ ਬੋਲੀਕਰਤਾ ਅਪਣੀ ਬਿਆਨਾ ਰਕਮ ਐਨ.ਈ.ਐਫ.ਟੀ. ਜਾਂ ਆਰ.ਟੀ.ਜੀ.ਐਸ. ਰਾਹੀਂ ਜਮ੍ਹਾਂ ਕਰਵਾ ਸਕਦੇ ਹਨ ਜਿਸ ਮਾਮਲੇ 'ਚ ਇਹ ਸਬੰਧਤ ਈ.ਐਮ.ਡੀ. ਕੁਲੈਕਸ਼ਨ ਖਾਤੇ 'ਚ 27.11.2017 ਤਕ ਜਮ੍ਹਾਂ ਹੋ ਜਾਣੇ ਚਾਹੀਦੇ ਹਨ। ਇੱਛੁਕ ਬੋਲੀਕਰਤਾ ਜਿਨ੍ਹਾਂ ਨੇ ਬਿਆਨਾ ਰਕਮ ਜਮ੍ਹਾਂ ਕਰਵਾ ਦਿਤੀ ਹੈ ਉਹ ਹੇਠਾਂ ਲਿਖਿਆਂ ਨੂੰ 27.11.2017 ਤੋਂ ਪਹਿਲਾਂ ਅਧਿਕਾਰਤ ਪੋਰਟਲ **https://www.bankeauctions.com** 'ਤੇ ਪੋਰਟਲ ਉਤੇ ਮੌਜੂਦ ਕਾਲਮਸ/ਫੀਲਡਜ਼ ਅਨੁਸਾਰ ਭਰਨ ੳ) ਬਿਆਨਾ ਰਕਮ ਜਮ੍ਹਾਂ ਕਰਵਾਉਣ ਦਾ ਸਬੂਤ ਅ) ਅਸਲ ਸ਼ਨਾਖ਼ਤੀ ਕਾਰਡ ਦੀ ਖ਼ੁਦ ਤਸਦੀਕ ਕੀਤੀ ਕਾਪੀ ਜਿਸ 'ਚ ਤਸਵੀਰ ਅਤੇ ਰਿਹਾਇਸ਼ੀ ਪਤਾ ਹੋਵੇ ਅਤੇ ਇੱਛੁਕ ਬੋਲੀਕਰਤਾ ਦਾ ਪੈਨ ਕਾਰਡ, ਭਾਰਤ ਸਰਕਾਰ ਵਲੋਂ ਜਾਰੀ। ਅਸਲ ਦਸਤਾਵੇਜ਼ ਅਧਿਕਾਰਤ ਅਫ਼ਸਰ ਵਲੋਂ ਤਸਦੀਕ ਲਈ ਮੁਹੱਈਆ ਕਰਵਾਉਣੇ ਹੋਣਗੇ। ੲ) ਇੱਛੁਕ ਬੋਲੀਕਰਤਾ ਦਾ ਮੋਬਾਈਲ ਨੰਬਰ ਅਤੇ ਈ-ਮੇਲ ਪਤਾ। ਸ) ਇੱਛੁਕ ਬੋਲੀਕਰਤਾ ਦਾ ਬੈਂਕ ਖਾਤਾ ਵੇਰਵਾ ਈ.ਐਮ.ਡੀ. ਵਾਪਸ ਕਰਨ ਲਈ ਲਈ। 6. ਇੱਛੁਕ ਬੋਲੀਕਰਤਾ ਅਪਣੀ ਲਾਗਇਨ ਆਈ.ਡੀ. ਅਤੇ ਪਾਸਵਰਡ ਪੋਰਟਲ **https://www.bankeauctions.com** 'ਤੇ ਜਮ੍ਹਾਂ ਕਰਵਾ ਸਕਦੇ ਹਨ। ਜੇਕਰ ਇੱਛੁਕ ਬੋਲੀਕਰਤਾਵਾਂ ਨੂੰ ਲਾਗਇਨ ਆਈ.ਡੀ. ਅਤੇ ਪਾਸਵਰਡ, ਡਾਟਾ ਅਪਲੋਡ ਕਰਨ, ਬੋਲੀ ਜਮ੍ਹਾਂ ਕਰਵਾਉਣ, ਈ-ਬੋਲੀ ਪ੍ਰਕਿਰਿਆ ਦੇ ਬਾਰੇ ਕੋਈ ਮਦਦ ਚਾਹੀਦੀ ਹੈ ਤਾਂ ਉਹ ਮੈਸਰਜ਼ ਸੀ1 ਇੰਡੀਆ ਪ੍ਰਾਈਵੇਟ ਲਿਮਟਿਡ, ਉਦਯੋਗ ਵਿਹਾਰ, ਫ਼ੇਜ਼-2, ਗਲਫ਼ ਪਟਰੋਲੀਅਮ ਬਿਲਡਿੰਗ, ਬਿਲਡਿੰਗ ਨੰ. 301, ਗੁੜਗਾਉਂ, ਹਰਿਆਣਾ - 122015, ਨੂੰ ਹੈਲਪ ਲਾਈਨ ਨੰਬਰ. +91-124-4302020/21/22/23/24, ਸੰਪਰਕ ਵਿਅਕਤੀ ਸ੍ਰੀ ਗਣੇਸ਼ ਪਾਟਿਲ, +91-9821690968, ਈ-ਮੇਲ : **ganesh.patil@c1india.com**, ਹਰੀਸ਼ ਗੌਡਾ +91-9594597555, ਭਗਤ ਸਿੰਘ +91-7291981129, ਸਪੋਰਟ ਮੋਬਾਈਲ +91-7291981124/25/26, ਹੈਲਪਲਾਈਨ ਈ-ਮੇਲ ਆਈ.ਡੀ. : **support@bankeauctions.com** 'ਤੇ ਕਿਸੇ ਵੀ ਸਹਾਇਤਾ/ਸਫ਼ਾਈ ਲਈ ਸੰਪਰਕ ਕਰ ਸਕਦੇ ਹਨ। ਤੁਸੀਂ ਸ੍ਰੀ ਗਣੇਸ਼ ਪਾਟਿਲ ਨੂੰ ਵੀ ਸੰਪਰਕ ਕਰ ਸਕਦੇ ਹੋ (ਸੰਪਰਕ ਨੰ. 98216 90968) ਜੋ ਕਿ ਮੁੰਬਈ ਵਿਖੇ ਮੌਜੂਦ ਹਨ। 7. ਸਿਰਫ਼ ਉਹੀ ਬੋਲੀਕਰਤਾ ਜਿਨ੍ਹਾਂ ਕੋਲ ਜਾਇਜ਼ ਯੂਜ਼ਰ ਆਈ.ਡੀ. ਅਤੇ ਪਾਸਵਰਡ ਹੋਵੇਗਾ ਅਤੇ ਉਨ੍ਹਾਂ ਵਲੋਂ ਈ.ਐਮ.ਡੀ. ਐਨ.ਈ.ਐਫ.ਟੀ./ਆਰ.ਟੀ.ਜੀ.ਐਸ. ਰਾਹੀਂ ਜਮ੍ਹਾਂ ਕਰਵਾਏ ਜਾਣ ਦੀ ਪੁਸ਼ਟੀ ਹੋ ਜਾਵੇਗੀ ਉਹ ਆਨਲਾਈਨ ਈ-ਨੀਲਾਮੀ 'ਚ ਹਿੱਸਾ ਲੈਣ ਦੇ ਕਾਬਲ ਹੋਣਗੇ। ਅਧਿਕਾਰਤ ਅਫ਼ਸਰ ਕੋਲ ਹੱਕ ਰਾਖਵਾਂ ਹੈ ਕਿ ਉਹ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰ ਸਕਦਾ ਹੈ। ਇਸ ਤੋਂ ਇਲਾਵਾ ਅਧਿਕਾਰਤ ਅਫ਼ਸਰ ਕੋਲ ਹੱਕ ਰਾਖਵਾਂ ਹੈ ਕਿ ਨੀਲਾਮੀ ਨੂੰ ਮੁਅੱਤਲ ਜਾਂ ਰੱਦ ਜਾਂ ਮੁਲਤਵੀ ਜਾਂ ਰੋਕ ਸਕਦਾ ਹੈ ਜਾਂ ਨੀਲਾਮੀ ਦੀਆਂ ਸ਼ਰਤਾਂ ਨੂੰ ਕਿਸੇ ਵੀ ਸਮੇਂ ਨੀਲਾਮੀ ਮੁਕੰਮਲ ਹੋਣ ਤੋਂ ਪਹਿਲਾਂ, ਬਿਨਾਂ ਕਾਰਨ ਦੱਸੇ ਬਦਲ ਸਕਦਾ ਹੈ ਅਤੇ ਉਸ ਦਾ ਫ਼ੈਸਲਾ ਇਸ ਬਾਰੇ ਆਖ਼ਰੀ ਹੋਵੇਗਾ। 8. ਜੇਕਰ ਈ-ਨੀਲਾਮੀ ਦੇ ਬੰਦ ਹੋਣ ਤੋਂ ਪੰਜ ਮਿੰਟ ਪਹਿਲਾਂ ਬੋਲੀ ਆਉਂਦੀ ਹੈ ਤਾਂ ਬੋਲੀ ਬੰਦ ਹੋਣ ਦਾ ਸਮਾਂ ਪੰਜ ਮਿੰਟ ਵਧਾਇਆ ਜਾਵੇਗਾ 9. ਜੇਕਰ ਬੋਲੀ ਪ੍ਰਕਿਰਿਆ ਖ਼ਤਮ ਹੋਣ ਦੇ ਸਮੇਂ ਤਕ ਕੋਈ ਬੋਲੀ ਪ੍ਰਾਪਤ ਨਹੀਂ ਹੁੰਦੀ ਹੈ ਤਾਂ ਜਿਸ ਬੋਲੀਕਰਤਾ ਨੇ ਸੱਭ ਤੋਂ ਵੱਧ ਰਕਮ ਦੀ ਬੋਲੀ ਲਗਾਈ ਹੈ ਉਸ ਨੂੰ ਸਫ਼ਲ ਬੋਲੀਕਰਤਾ ਐਲਾਨ ਦਿਤਾ ਜਾਵੇਗਾ, ਜੇਕਰ ਉਹ ਬੈਂਕ ਦੇ ਕੁਲੈਕਸ਼ਨ ਖਾਤੇ ਵਿਚ ਵਿਕਰੀ ਦੀ ਕੀਮਤ ਦੀ ਘੱਟ ਤੋਂ ਘੱਟ 25% ਰਕਮ ਤੁਰੰਤ ਜਮ੍ਹਾਂ ਕਰਵਾਏਗਾ। ਬਿਆਨਾ ਰਕਮ ਵਿਕਰੀ ਰਕਮ ਦੀ 25% ਰਕਮ 'ਚ ਅਡਜਸਟ ਕਰ ਲਈ ਜਾਵੇਗੀ। ਜੇਕਰ ਉਹ ਇਹ ਰਕਮ ਜਮ੍ਹਾਂ ਕਰਵਾਉਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਉਸ ਵਲੋਂ ਪਹਿਲਾਂ ਜਮ੍ਹਾਂ ਕਰਵਾਈ ਰਕਮ ਜ਼ਬਤ ਹੋ ਜਾਵੇਗੀ ਅਤੇ ਅਧਿਕਾਰਤ ਅਫ਼ਸਰ ਉਸ ਕੋਲ ਐਕਟ ਦੇ ਸੈਕਸ਼ਨ 13(4) ਦੀਆਂ ਸ਼ਰਤਾਂ ਅਧੀਨ ਜਾਇਦਾਦ ਸਬੰਧੀ ਅਪਣੀਆਂ ਤਾਕਤਾਂ ਦੀ ਵਰਤੋਂ ਕਰਨ ਲਈ ਆਜ਼ਾਦੀ ਹੋਵੇਗਾ। 10. ਸਿਰਫ਼ 25% ਰਕਮ ਜਮ੍ਹਾਂ ਕਰਵਾਉਣ ਨਾਲ ਸਫ਼ਲ ਬੋਲੀਕਰਤਾ ਦੇ ਹੱਕ 'ਚ ਵਿਕਰੀ ਦੀ ਪੁਸ਼ਟੀ ਨਹੀਂ ਹੋ ਜਾਵੇਗੀ। ਵਿਕਰੀ ਦੀ ਪੁਸ਼ਟੀ ਸਕਿਊਰਡ ਕ੍ਰੈਡੀਟਰ ਵਲੋਂ ਕੀਤੀ ਜਾਵੇਗੀ। 11. ਲੜੀ ਨੰ. 10 ਅਨੁਸਾਰ ਰਕਮ ਜਮ੍ਹਾਂ ਕਰਵਾਉਣ ਤੋਂ ਬਾਅਦ ਸਫ਼ਲ ਬੋਲੀਕਰਤਾ ਨੂੰ ਬਾਕੀ ਬਚਦੀ ਰਕਮ ਨੂੰ ਅਧਿਕਾਰਤ ਅਫ਼ਸਰ ਵਲੋਂ ਵਿਕਰੀ ਦੀ ਪੁਸ਼ਟੀ ਹੋਣ ਤੋਂ ਬਾਅਦ ਅਗਲੇ 15 ਦਿਨਾਂ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਜੇਕਰ ਸਫ਼ਲ ਬੋਲੀਕਰਤਾ ਅਜਿਹਾ ਕਰਨ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਉਸ ਵਲੋਂ ਪਹਿਲਾਂ ਜਮ੍ਹਾਂ ਕਰਵਾਈ ਰਕਮ ਜ਼ਬਤ ਹੋ ਜਾਵੇਗੀ। 12. ਜੇਕਰ ਬੈਂਕ ਦੀ ਬਕਾਇਆ ਰਕਮ ਬੈਂਕ ਵਲੋਂ ਕੀਤੇ ਸਾਰੀਆਂ ਲਾਗਤਾਂ, ਚਾਰਜਾਂ ਅਤੇ ਖ਼ਰਚਿਆਂ ਸਮੇਤ ਕਰਜ਼ਦਾਰਾਂ ਜਾਂ ਗਾਰੰਟਰਾਂ ਵਲੋਂ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਅਦਾ ਕਰ ਦਿਤੀ ਜਾਂਦੀ ਹੈ ਤਾਂ ਅਸਾਸੇ ਦੀ ਵਿਕਰੀ ਰੱਦ ਕਰ ਦਿਤੀ ਜਾਵੇਗੀ। 13. ਸਾਰੇ ਕਾਨੂੰਨੀ ਬਕਾਇਆ/ਅਟੈਂਡੈਂਟ ਚਾਰਜਿਸ/ਹੋਰ ਬਕਾਇਆ ਜਿਵੇਂ ਰਜਿਸਟਰੇਸ਼ਨ ਖ਼ਰਚੇ, ਸਟੈਂਪ ਡਿਊਟੀ, ਟੈਕਸ ਆਦਿ ਖ਼ਰੀਦਦਾਰ ਵਲੋਂ ਦੇਣੇ ਹੋਣਗੇ। 14. ਵਿਕਰੀ ਸਰਟੀਫ਼ਿਕੇਟ ਉਸੇ ਨਾਮ 'ਤੇ ਜਾਰੀ ਕੀਤਾ ਜਾਵੇਗਾ ਜਿਸ 'ਤੇ ਬੋਲੀ ਜਮ੍ਹਾਂ ਕਰਵਾਈ ਗਈ ਹੈ। 15. ਬੈਂਕ ਨੇ ਉਸ ਦੀ ਜਾਣਕਾਰੀ 'ਚ ਭੰਜਟਾਂ ਬਾਰੇ ਦਸ ਦਿਤਾ ਹੈ। ਅਧਿਕਾਰਤ ਅਫ਼ਸਰ ਜਾਂ ਬੈਂਕ ਕਿਸੇ ਵੀ ਚਾਰਜ, ਲੀਅਨ, ਭੰਜਟ, ਜਾਂ ਸਰਕਾਰ ਨੂੰ ਕੋਈ ਵੀ ਹੋਰ ਬਕਾਏ ਜਾਂ ਈ-ਨੀਲਾਮੀ ਵਾਲੀਆਂ ਜਾਇਦਾਦਾਂ ਸਬੰਧੀ ਕਿਸੇ ਵੀ ਹੋਰ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਇੱਛੁਕ ਬੋਲੀਕਰਤਾ ਨੂੰ ਸਲਾਹ ਦਿਤੀ ਜਾਂਦੀ ਹੈ ਉਹ ਕਾਨੂੰਨੀ ਦੇਣਦਾਰੀਆਂ ਜਾਇਦਾਦ ਟੈਕਸ, ਬਿਜਲੀ ਦੇ ਬਕਾਏ ਆਦਿ ਸਮੇਤ ਅਪਣੀਆਂ ਜਾਇਦਾਦ 'ਤੇ ਕਿਸੇ ਵੀ ਭੰਜਟ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 16. ਬੋਲੀਕਰਤਾਵਾਂ ਨੂੰ ਯਕੀਨੀ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਤਸੱਲੀਬਖ਼ਸ਼ ਇੰਟਰਨੈੱਟ ਕੁਨੈਕਟੀਵਿਟੀ, ਪਾਵਰ ਬੈਕਅੱਪ ਆਦਿ ਹੋਵੇ। ਬੈਂਕ ਇੰਟਰਨੈੱਟ, ਬਿਜਲੀ ਬੰਦ ਹੋਣ ਜਾਂ ਤਕਨੀਕੀ ਕਾਰਨਾਂ ਲਈ ਜਾਂ ਈ-ਨੀਲਾਮੀ ਨੂੰ ਪ੍ਰਭਾਵਤ ਕਰਨ ਵਾਲੇ ਬਾਹਰੀ ਕਾਰਨਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 17. ਦਰਸਾਈਆਂ ਗਈਆਂ ਜਾਇਦਾਦਾਂ ਦੀ ਪੜਤਾਲ ਇੱਛੁਕ ਬੋਲੀਕਰਤਾ ਸਾਈਟ 'ਤੇ ਸਬੰਧਤ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਫ਼ਸਰ ਜਾਂ ਕਿਸੇ ਵੀ ਹੋਰ ਅਫ਼ਸਰ 07.11.2017 ਤੋਂ 24.11.2017 ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਵਿਚਕਾਰ ਕਿਸੇ ਵੀ ਕੰਮਕਾਜ ਵਾਲੇ ਦਿਨ ਕਰ ਸਕਦੇ ਹਨ। 18. ਬੈਂਕ ਕਿਸੇ ਵੀ ਇਕ ਜਾਂ ਜ਼ਿਆਦਾ ਜਾਇਦਾਦਾਂ ਲਈ ਬੋਲੀ ਵੇਸਕਦਾ ਹੈ। 19. ਬੈਂਕ ਕੋਲ ਹੱਕ ਰਾਖਵਾਂ ਹੈ ਕਿ ਉਹ ਸਾਰੀਆਂ ਜਾਂ ਕਿਸੇ ਵੀ ਪੇਸ਼ਕਸ਼ ਨੂੰ ਮਨਜ਼ੂਰ/ਨਾਮਨਜ਼ੂਰ ਕਰ ਦੇਵੇ ਅਤੇ ਵਿਕਰੀ ਨੂੰ ਬਿਨਾਂ ਕਾਰਨ ਦੱਸੇ ਪ੍ਰਾਪਤ ਜਾਂ ਰੱਦ ਕਰ ਦੇਵੇ।

ਅਖ਼ੀਰਲੇ ਸਮੇਂ 'ਤੇ ਬੋਲੀ ਦੇਣ ਤੋਂ ਗੁਰੇਜ਼ ਕਰਨਾ ਬੋਲੀਕਰਤਾਵਾਂ ਦੇ ਅਪਣੇ ਫ਼ਾਇਦੇ 'ਚ ਹੈ ਕਿਉਂਕਿ ਨਾ ਹੀ ਬੈਂਕ ਅਤੇ ਨਾ ਹੀ ਸੇਵਾਦਾਤਾ ਕਿਸੇ ਵੀ ਭੁੱਲ/ਅਸਫ਼ਲਤਾ (ਇੰਟਰਨੈੱਟ ਬੰਦ ਹੋਣ/ਬਿਜਲੀ ਗੁੱਲ ਹੋਣ ਆਦਿ) ਲਈ ਜ਼ਿੰਮੇਵਾਰ ਹੋਵੇਗਾ। ਇਸ ਤਰ੍ਹਾਂ ਦੀ ਸਥਿਤੀ ਤੋਂ ਬਚਣ ਲਈ ਬੋਲੀਕਰਤਾਵਾਂ ਨੂੰ ਸਾਰੇ ਪ੍ਰਬੰਧ ਜਿਵੇਂ ਬਿਜਲੀ ਸਪਲਾਈ ਦਾ ਬੈਕਅੱਪ ਤਿਆਰ ਰੱਖਣ ਦੀ ਹਦਾਇਤ ਦਿਤੀ ਜਾਂਦੀ ਹੈ ਤਾਕਿ ਉਹ ਅਜਿਹੀ ਸਥਿਤੀ ਤੋਂ ਬਚ ਸਕਣ ਅਤੇ ਨੀਲਾਮੀ 'ਚ ਸਫ਼ਲਤਾਪੂਰਵਕ ਹਿੱਸਾ ਲੈ ਸਕਣ। ਨਵੀਆਂ ਇੰਟਰਆਪਰੇਬਿਲਟੀ ਹਦਾਇਤਾਂ ਅਨੁਸਾਰ ਜੋ ਕਿ ਕੰਟਰੋਲਰ ਆਫ਼ ਸਰਟੀਫ਼ਾਇੰਗ ਅਥਾਰਟੀਆਂ (ਸੀ.ਸੀ.ਏ.) ਵਲੋਂ ਜਾਰੀ ਕੀਤੀਆਂ ਗਈਆਂ ਹਨ, ਨਲਾਮੀ ਐਪਲੀਕੇਸ਼ਨ ਲਈ ਸਕਿਊਰਡ ਸੋਕੇਟ ਲੇਅਰ (ਐਸ.ਐਸ.ਐਲ.) ਨਵੇਂ ਐਲਗੋਰਿਦਮ, ਐਸ.ਐਚ.ਏ. 2 ਰਾਹੀਂ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਪਲੇਟਫ਼ਾਰਮਾਂ ਲਈ ਲਾਗੂ ਹੋਣ ਵਾਲੇ ਡਿਜੀਟਲ ਸਰਟੀਫ਼ਿਕੇਟਾਂ ਨੂੰ ਐਸ.ਐਚ.ਏ. 2 ਦੇ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਯੂਜ਼ਰ ਇਹ ਯਕੀਨੀ ਕਰਨ ਕਿ ਉਨ੍ਹਾਂ ਦੇ ਕੰਪਿਊਟਰ ਜਾਂ ਲੈਪਟਾਪ 'ਤੇ ਵਿੰਡੋਜ਼ ਐਕ.ਪੀ. (ਸਰਵਿਸ ਪੈਕ 3)/ਵਿੰਡੋਜ਼ ਵਿਸਟਾ/ਵਿੰਡੋਜ਼ 7 ਇੰਸਟਾਲ ਹੋਵੇ। ਵਿੰਡੋਜ਼ ਐਕਸਪੀ ਸਰਵਿਸ ਪੈਕ-3 ਦੇ ਮਾਮਲੇ 'ਚ, ਜੇਕਰ ਤੁਹਾਨੂੰ ਐਸ.ਐਸ.ਐਲ. ਪੈਚ ਇੰਸਟਾਲ ਕਰਨ 'ਚ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਇਹ ਸਾਡੇ ਈ-ਨੀਲਾਮੀ ਪੋਰਟਲ 'ਤੇ ਡਾਊਨਲੋਡ ਸੈਕਸ਼ਨ 'ਚ ਮੌਜੂਦ ਹੈ।

ਕਾਨੂੰਨੀ 30 ਦਿਨਾਂ ਦਾ ਵਿਕਰੀ ਨੋਟਿਸ SAFRAESI ਐਕਟ, 2002 ਦੇ ਰੂਲ 8(6) ਹੇਠ

ਕਰਜ਼ਦਾਰਾਂ / ਗਾਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉੱਪਰ ਲਿਖੀਆਂ ਰਕਮਾਂ ਨੂੰ ਵਿਆਜ ਸਮੇਤ ਅਤੇ ਹੋਏ ਖ਼ਰਚਿਆਂ ਸਮੇਤ ਈ-ਨੀਲਾਮੀ ਦੀ ਮਿਤੀ ਤੋਂ ਪਹਿਲਾਂ ਅਦਾ ਕਰ ਦੇਣ, ਇਸ ਤੋਂ ਅਸਫ਼ਲ ਰਹਿਣ 'ਤੇ ਜਾਇਦਾਦ ਨੂੰ ਨੀਲਾਮ ਕਰ / ਵੇਚ ਦਿਤਾ ਜਾਵੇਗਾ ਅਤੇ ਬਕਾਇਆ ਰਕਮ ਨੂੰ ਵਿਆਜ ਅਤੇ ਖ਼ਰਚਿਆਂ ਸਮੇਤ ਵਸੂਲਿਆ ਜਾਵੇਗਾ।

ਮਿਤੀ : 06.11.2017 ਥਾਂ : ਚੰਡੀਗੜ੍ਹ ਅਧਿਕਾਰਤ ਅਫ਼ਸਰ